# ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ

ਸੈਕਟਰ 62, ਐਸ.ਏ.ਐਸ ਨਗਰ
( www.gmada.gov.in )

GMADA

ਵੱਲ

**M/s Cee Dee Developers Pvt Ltd.**
**Sco No. 159-160, First Floor, TDI,**
**Sector-117, Airport Road, SAS Nagar.**

ਪੱਤਰ ਨੰ:-ਗਮਾਡਾ-ਮਿ:ਅ (ਹ)/2025/ 3794 ਮਿਤੀ:- 18/03/25

ਵਿਸ਼ਾ:- **ਬਿਲਡਿੰਗ ਪਲੈਨ (ਰਿਵਾਈਜਡ ਪਲੈਨ) ਪਾਸ ਕਰਨ ਸਬੰਧੀ - Commercial Site No - 1 & 2, Phase-9, Industrial Area, SAS Nagar.**

**ਹਵਾਲਾ** ਆਪ ਦੀ ਪ੍ਰਤੀਬੇਨਤੀ ਡਾਇਰੀ ਨੰ. ਈ-756432 ਮਿਤੀ 04-11-2024 ਦੇ ਸਬੰਧ ਵਿਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ **Commercial Site No - 1 & 2, Phase-9, Industrial Area, SAS Nagar** ਦੀ ਇਮਾਰਤ ਦੇ ਪ੍ਰਪੋਜ਼ਡ ਪਲੈਨ ਸਬੰਧੀ ਜਿਸ ਦੀ ਤਕਨੀਕੀ ਪ੍ਰਵਾਨਗੀ ਜਿਲ੍ਹਾ ਨਗਰ ਯੋਜਨਾਕਾਰ (ਪੀ), ਗਮਾਡਾ ਜੀ ਦੇ ਯਾਦ ਪੱਤਰ ਨੰ. 15 ਮਿਤੀ 02-01-2025 ਅਤੇ ਮੰਡਲ ਇੰਜੀਨੀਅਰ (ਜਸ-1), ਗਮਾਡਾ ਜੀ ਵਲੋਂ ਪੱਤਰ ਨੰ. 3331 ਮਿਤੀ 15.01.2025 ਰਾਹੀਂ ਤਕਨੀਕੀ ਪ੍ਰਵਾਨਗੀ ਦਿੱਤੀ ਗਈ ਹੈ, ਇਸ ਦਫਤਰ ਵਿਖੇ ਪ੍ਰਾਪਤ ਹੋਏ ਸਨ ਜੋ ਕਿ ਪੀ.ਯੂ.ਪੀ.ਡੀ ਬਿਲਡਿੰਗ ਰੂਲ-2021 ਦੇ ਸੰਨਮੁੱਖ ਬਿਲਡਿੰਗ ਪਲੈਨ ਕਮੇਟੀ ਮੈਂਬਰਾ ਵੱਲੋ ਘੋਖੇ ਗਏ ਅਤੇ ਠੀਕ ਪਾਏ ਗਏ ਹਨ ਅਤੇ ਨਕਸ਼ਿਆਂ ਦੀ ਪ੍ਰਵਾਨਗੀ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਉਸਾਰੀ ਕਰਨ ਦੀ ਆਗਿਆ ਦਿੱਤੀ ਜਾਂਦੀ ਹੈ:-

1 ਚਾਰ ਦੀਵਾਰ ਅਤੇ ਗੇਟ ਸਟੈਂਡਰਡ ਡਿਜਾਇਨ ਅਨੁਸਾਰ ਹੋਣਾ ਚਾਹੀਦਾ ਹੈ।

2 ਆਪ ਬਿਲਡਿੰਗ ਦੀ ਉਸਾਰੀ ਪ੍ਰਵਾਨਿਤ ਜੋਨਿੰਗ ਪਲੈਨ ਅਤੇ ਬਿਲਡਿੰਗ ਪਲੈਨਾਂ ਅਨੁਸਾਰ ਹੀ ਕਰਨ ਦੇ ਪਾਬੰਦ ਹੋਵੋਗੇ।

3 ਬਿਲਡਿੰਗ ਆਕੂਪਾਈ ਕਰਨ ਤੋਂ ਪਹਿਲਾਂ ਫਾਇਰ ਸੇਫਟੀ ਸਬੰਧੀ ਜਿਲ੍ਹਾ ਫਾਇਰ ਅਫਸਰ ਤੋਂ ਲੋੜੀਂਦਾ ਐਨ.ਓ.ਸੀ ਪ੍ਰਾਪਤ ਕੀਤਾ ਜਾਵੇਗਾ ਅਤੇ ਜਿਸਨੂੰ ਆਪ ਦਫਤਰ ਵਿਖੇ ਜਮ੍ਹਾ ਕਰਵਾਉਣ ਦੇ ਪਾਬੰਦ ਹੋਵੋਗੇ।

4 ਆਪ ਡੀਪੀਸੀ ਲੈਵਲ ਤੱਕ ਉਸਾਰੀ ਕਰਨ ਉਪਰੰਤ ਡੀਪੀਸੀ ਸਰਟੀਫਿਕੇਟ ਗਮਾਡਾ ਤੋਂ ਲੈਣ ਦੇ ਪਾਬੰਦ ਹੋਵੋਗੇ।

5 ਆਪ ਬਿਲਡਿੰਗ ਦੀ ਉਸਾਰੀ ਪ੍ਰਵਾਨਿਤ ਲੇ-ਆਊਟ ਪਲੈਨ/ਜੋਨਿੰਗ/ਬਿਲਡਿੰਗ ਪਲੈਨਾਂ ਅਨੁਸਾਰ ਹੀ ਕਰਨ ਦੇ ਪਾਬੰਦ ਹੋਵੋਗੇ। ਇਸ ਤੋਂ ਇਲਾਵਾ ਆਪ ਪੰਜਾਬ ਰਿਜਨਲ ਐਂਡ ਟਾਊਨ ਪਲੈਨਿੰਗ ਐਂਡ ਡਿਵਲੈਪਮੈਂਟ ਐਕਟ 1995, ਅਤੇ ਪੰਜਾਬ ਅਪਾਰਟਮੈਂਟ ਐਂਡ ਪ੍ਰੋਪਰਟੀ ਰੈਗੂਲੇਸ਼ਨ ਐਕਟ-1995 (ਅਮੈਂਡਡ ਫਰੋਮ ਟਾਇਮ ਟੂ ਟਾਇਮ) ਦੇ ਉਪਬੰਧਾਂ ਅਨੁਸਾਰ ਹੀ ਅਗਲੇਰੀ ਕਾਰਵਾਈ ਕਰਨ ਦੇ ਪਾਬੰਦ ਹੋਵੋਗਾ।

6 ਆਪ ਸਮਰੱਥ ਅਧਿਕਾਰੀ ਵਲੋਂ ਜਾਰੀ ਅਲਾਟਮੈਂਟ ਪੱਤਰ ਵਿੱਚ ਲਗਾਈਆਂ ਸ਼ਰਤਾਂ ਦੀ ਪ੍ਰਤੀ ਪੂਰਤੀ ਕਰਨ ਦੇ ਪਾਬੰਦ ਹੋਵੋਗੇ।

7 ਆਪ ਸਟਰੱਕਚਰਲ ਇੰਜੀਨੀਅਰ ਵਲੋਂ ਜਾਰੀ ਸਰਟੀਫਾਇਡ ਡਿਜਾਈਨ ਅਨੁਸਾਰ ਹੀ ਬਿਲਡਿੰਗ ਦੀ ਉਸਾਰੀ ਕਰੋਗੇ ਅਤੇ ਸਟਰਕੱਚਰ ਸਬੰਧੀ ਜਿੰਮੇਵਾਰੀ ਆਪ ਦੀ ਆਪਣੀ ਹੋਵੇਗੀ ਅਤੇ ਆਪ ਭੂਚਾਲ ਤੋਂ ਬਚਾਅ ਦੇ ਮਾਪਦੰਡ ਅਪਣਾਉਣ ਅਤੇ ਬਿਲਡਿੰਗ ਦੀ ਉਸਾਰੀ ਸਟਰੱਕਚਰਲ ਇੰਜੀਨੀਅਰ/ਆਰਕੀਟੈਕਟ ਦੀ ਦੇਖਰੇਖ ਵਿਚ ਕਰਨ ਦੇ ਪਾਬੰਦ ਹੋਵੋਗੇ।

8 ਆਪ ਵਲੋਂ ਦਿੱਤੀ ਅੰਡਰਟੇਕਿੰਗ ਦੇ ਆਧਾਰ ਤੇ ਬਿਲਡਿੰਗ ਦਾ ਸਟਰਕਚਰਲ ਡਿਜਾਈਨ ਕਿਸੇ Indian Institute of Technology (IIT), Punjab Engineering College Chandigarh ਜਾਂ Thapar Insititute of Engineering and Technology Patiala ਤੋਂ ਵੈਟ ਕਰਾ ਕੇ ਇਸ ਪੱਤਰ ਜਾਰੀ ਹੋਣ ਦੀ ਮਿਤੀ ਤੋਂ 3 ਮਹੀਨੇ ਦੇ ਅੰਦਰ-ਅੰਦਰ ਇਸ ਦਫਤਰ ਵਿਚ ਜਮ੍ਹਾ ਕਰਵਾਉਣ ਦੇ ਪਾਬੰਦ ਹੋਵੋਗੇ। ਇਸ ਤੋਂ ਇਲਾਵਾ ਜੇਕਰ ਕਿਸੇ Institute ਵਲੋਂ ਕੋਈ ਤਬਦੀਲੀ ਸੁਝਾਈ ਜਾਂਦੀ ਹੈ ਤਾਂ ਉਸ ਅਨੁਸਾਰ ਆਪ ਬਿਲਡਿੰਗ ਪਲੈਨ ਰਿਵਾਈਜਡ ਕਰਵਾਉਣ ਦੇ ਪਾਬੰਦ ਹੋਵੋਗੇ। ਜੇਕਰ ਆਪ ਇਹ ਸਟਰਕਚਰ ਡਿਜਾਈਨ ਨਿਸ਼ਚਿਤ ਸਮੇਂ ਵਿੱਚ ਉਕਤ ਸਰਟੀਫਿਕੇਟ ਇਸ ਦਫਤਰ ਵਿਖੇ ਜਮ੍ਹਾ ਨਹੀਂ ਕਰਵਾਂਉਦੇ ਤਾਂ ਇਨ੍ਹਾਂ ਬਿਲਡਿੰਗ ਪਲੈਨਾਂ ਦੀ ਪ੍ਰਵਾਨਗੀ ਰੱਦ ਸਮਝੀ ਜਾਵੇਗੀ।

9 ਆਪ ਬਿਲਡਿੰਗ ਵਿੱਚ ਲਾਈਟ ਅਤੇ ਵੈਂਟੀਲੇਸ਼ਨ ਦੀ ਪ੍ਰਤੀਪੂਰਤੀ ਲਈ ਜਿੱਥੇ HVAC ਸਿਸਟਮ ਦੇਣ ਸਬੰਧੀ ਬਿਲਡਿੰਗ ਪਲੈਨਾਂ ਉੱਪਰ ਨੋਟ ਦਰਜ ਕੀਤਾ ਗਿਆ ਹੈ। ਇਸ ਤਜਵੀਜ ਨੂੰ ਘੋਖਦੇ ਹੋਏ ਇਸ ਦੀ ਵਿਵਸਥਾ ਨੂੰ ਯਕੀਨੀ ਬਣਾਉਣ ਲਈ ਆਪ ਨੂੰ ਪਾਬੰਦ ਕੀਤਾ ਜਾਂਦਾ ਹੈ। ਇਸ ਦੀ ਪੁਸ਼ਟੀ ਆਪਣੇ ਪੱਧਰ ਤੇ ਹੀ ਕਰਨੀ ਯਕੀਨੀ ਬਣਾਈ ਜਾਵੇ।

10 ਆਪ ਬਿਲਡਿੰਗ ਦੀ ਉਸਾਰੀ ਸ਼ੁਰੂ ਕਰਨ ਤੋਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਤੋਂ ਲੋੜੀਂਦਾ ਐਨ.ਓ.ਸੀ/ਪਰਮਿਸ਼ਨ ਪ੍ਰਾਪਤ ਕਰਨ ਦੇ ਪਾਬੰਦ ਹੋਵੋਗੇ ਅਤੇ ਇਸ ਤੋਂ ਇਲਾਵਾ ਜੇਕਰ EIA ਦੀ ਜਰੂਰਤ ਹੋਵੇਗੀ ਤਾਂ EIA ਪ੍ਰਵਾਨਗੀ ਲੈਣ ਦੇ ਪਾਬੰਦ ਹੋਵੋਗੇ। ਆਪ ਬਿਲਡਿੰਗ ਦੀ ਉਸਾਰੀ ਕਰਨ ਤੋਂ ਪਹਿਲਾਂ ਜੇਕਰ ਵਣ ਵਿਭਾਗ ਵੱਲੋਂ ਐਨ.ਓ.ਸੀ ਲੋੜੀਂਦਾ ਹੋਵੇ ਤਾਂ ਪ੍ਰਾਪਤ ਕਰਨ ਦੇ ਪਾਬੰਦ ਹੋਵੋਗੇ। ਆਪ ਸਾਈਟ ਵਿੱਚ ਬਿਲਡਿੰਗ ਰੂਲਜ਼-2021 ਅਨੁਸਾਰ ਕੰਪਲੀਸ਼ਨ ਲੈਣ ਤੋਂ ਪਹਿਲਾਂ ਰੁੱਖਾਂ ਦੀ ਪਲਾਂਟੇਸ਼ਨ ਕਰਨ ਦੇ ਪਾਬੰਦ ਹੋਵੋਗੇ।

11 ਆਪ ਬਿਲਡਿੰਗ ਵਿੱਚ Energy Conservation Building Codes (ECBC) ਅਨੁਸਾਰ ਵਿਵਸਥਾ ਕਰਨ ਸਬੰਧੀ PEDA Empanelled ECBC Design Professional ਵੱਲੋਂ ਜਾਰੀ ਸਰਟੀਫਿਕੇਟ ਦੇ ਉਪਬੰਧਾਂ ਦੀ ਪਾਲਣਾ ਕਰਨ ਦੇ ਪਾਬੰਦ ਹੋਵੋਗੇ।

12 ਆਪ ਨੂੰ ਇਸ ਬਿਲਡਿੰਗ ਦੀ ਉਸਾਰੀ ਜਾਂ ਵਰਤੋਂ ਸਬੰਧੀ ਜੇਕਰ ਕੋਈ ਹੋਰ ਕਾਨੂੰਨੀ ਪ੍ਰਵਾਨਗੀ ਕਿਸੇ ਕਾਨੂੰਨ ਜਾਂ ਕਿਸੇ ਵੀ ਹੋਰ ਵਿਭਾਗ ਤੋਂ ਲੋੜੀਂਦੀ ਹੋਵੇਗੀ ਤਾਂ ਆਪ ਆਪਣੇ ਪੱਧਰ ਤੇ ਪ੍ਰਾਪਤ ਕਰਨ ਦੇ ਪਾਬੰਦ ਹੋਵੋਗੇ।

13 ਆਪ ਅੰਡਰ ਗਰਾਊਂਡ ਵਾਟਰ ਸਬੰਧੀ ਮੁੱਖ ਪ੍ਰਸ਼ਾਸ਼ਕ, ਪੁੱਡਾ, ਐਸ.ਏ.ਐਸ.ਨਗਰ ਵਲੋਂ ਜਾਰੀ ਪੱਤਰ ਨੰ. ਪੁੱਡਾ/ਸੀ.ਏ/2013/1713-16 ਮਿਤੀ 27.02.2013 ਵਿਚ ਦਰਜ ਹਦਾਇਤਾਂ ਦੀ ਪਾਲਣਾ ਕਰਨ ਦੇ ਪਾਬੰਦ ਹੋਵੋਗੇ।

14 ਆਪ ਕੰਨਸਟਰੰਕਸ਼ਨ ਐਕਟੀਵਿਟੀ ਨੂੰ ਮੋਨੀਟਰ ਕਰਨ ਸਬੰਧੀ ਸਰਕਾਰ ਵੱਲੋਂ ਜਾਰੀ ਐਕਸ਼ਨ ਪਲੈਨ ਮੀਮੋ ਨੰ. 17/20/2016-1HG2/1112 dated 02.03.2017 ਦੀਆਂ ਮਿੱਥਿਆਵਾਂ ਦੀ ਇੰਨ-ਬਿੰਨ ਪਾਲਣਾ ਕਰਨ ਦੇ ਪਾਬੰਦ ਹੋਵੋਗੇ।

15 ਪ੍ਰਾਰਥੀ "The Punjab Urban Planning and Development Building Rules-2021' ਅਤੇ National Building Code of India,2016 ਦੇ ਉਪਬੰਧਾਂ ਅਤੇ ਵੱਖ-ਵੱਖ ਵਿਭਾਗਾਂ ਦੇ ਰੂਲ/ਗਾਈਡਲਾਈਨਾਂ ਦੀ ਪਾਲਣਾ ਕਰਨ ਦਾ ਪਾਬੰਦ ਹੋਵੇਗਾ।

16 ਜੇਕਰ ਕੋਈ ਬਕਾਇਆ ਨਿੱਕਲਦਾ ਹੈ ਤਾਂ ਆਪ ਉਸਨੂੰ ਜਮ੍ਹਾ ਕਰਵਾਉਣ ਦੇ ਪਾਬੰਦ ਹੋਵੋਗੇ।

17 ਆਪ ਉਕਤ ਸ਼ਰਤਾਂ ਅਤੇ ਵੱਖ ਵੱਖ ਵਿਭਾਗਾਂ ਵਲੋਂ ਜਾਰੀ ਐਨ.ਓ.ਸੀ ਵਿੱਚ ਦਰਜ ਸ਼ਰਤਾਂ ਦੀ ਪੂਰਤੀ ਕਰਨ ਉਪਰੰਤ The Punjab Regional and Town Planning and Development Act-1995, Sector-180(2)(i) ਤਹਿਤ ਤਿਆਰ ਕੀਤੇ ਗਏ Punjab Urban Planning and Development Rules-2021 ਦੇ ਪਾਰਟ -III, ਸਬ ਰੂਲ-14 ਅਨੁਸਾਰ ਕੰਪਲੀਸ਼ਨ ਸਰਟੀਫਿਕੇਟ ਪ੍ਰਾਪਤ ਕਰਨ ਦੇ ਪਾਬੰਦ ਹੋਵੋਗੇ।

18 ਆਪ ਮੋਕੇ ਉੱਪਰ ਉਸਾਰੀ **Latest IS Codes/specifications, CPWD/PWD/Specifications** ਅਨੁਸਾਰ ਕਰਨੀ ਯਕੀਨੀ ਬਣਾਓਗੇ।

19 ਆਪ ਬੇਸਮੈਂਟ ਦੀ ਖੁਦਾਈ ਅਤੇ ਉਸਾਰੀ ਦੌਰਾਨ ਨਾਲ ਲੱਗਦੇ ਏਰੀਏ ਦੀ ਸੁਰੱਖਿਆ ਲਈ ਲੋੜੀਂਦੀ ਪ੍ਰੰਬਧ ਕਰਨੀ ਯਕੀਨੀ ਬਣਾਓਗੇ।

20 ਆਪ ਬਿਲਡਿੰਗ ਦੀ ਉਸਾਰੀ ਲਈ **ISI Approved Material** ਦੀ ਹੀ ਵਰਤੋਂ ਕਰੋਗੇ।

21 ਬਿਲਡਿੰਗ ਅੰਦਰ ਪੀਣ ਲਈ ਸਟੋਰ ਕੀਤੇ ਗਏ ਪਾਣੀ ਦੀ disinfection ਲਈ ਲੋੜੀਂਦੇ ਪ੍ਰਬੰਧ ਕਰਨੇ ਯਕੀਨੀ ਬਣਾਏ ਜਾਣ।

22 ਐਸ.ਟੀ.ਪੀ ਤੋਂ ਟ੍ਰੀਟ ਕੀਤੇ ਗਏ ਟ੍ਰੀਟਡ ਵਾਟਰ ਨੂੰ ਫਲੱਸ਼ਿੰਗ ਅਤੇ ਹੋਰ ਨੋਨ ਪੋਟੇਬਲ ਮੰਤਵ ਲਈ ਹੀ ਵਰਤਿਆ ਜਾਵੇਗਾ।

23 ਬੇਸਮੈਂਟ ਵਿੱਚ ਲਗਾਏ ਜਾਣ ਵਾਲੇ ਸੀਵੇਜ ਟ੍ਰੀਟਮੈਂਟ ਪਲਾਂਟ ਅਤੇ ਸੋਲਿਡ ਵੇਸਟ ਮੈਨੇਜਮੈਂਟ ਸਾਈਟ ਤੋਂ ਪੈਦਾ ਹੋਣ ਵਾਲੀ ਬਦਬੂ ਨੂੰ ਕੰਟਰੋਲ ਕਰਨ ਲਈ ਆਪ ਵਲੋਂ ਢੁੱਕਵੇਂ ਪ੍ਰਬੰਧ ਆਪਣੇ ਪੱਧਰ ਤੇ ਕਰਨੇ ਯਕੀਨੀ ਬਣਾਏ ਜਾਣ।

24 ਆਪ ਵਲੋਂ ਸੋਇਲ ਪਾਇਪਾਂ ਵਿੱਚ 90 ਡਿਗਰੀ **bend** ਦੀ ਵਰਤੋਂ ਨਹੀਂ ਕੀਤੀ ਜਾਵੇਗੀ ਅਤੇ 45 ਡਿਗਰੀ **bend** ਉੱਪਰ ਕਲੀਨ ਆਉਟ ਪਲੱਗ/**y junction** ਦੀ ਵਰਤੋਂ ਕੀਤੀ ਜਾਵੇਗੀ।

25 ਬਿਲਡਿੰਗ ਵਿੱਚ ਜਨ ਸਹੂਲਤਾਂ (ਪਬਲਿਕ ਹੈਲਥ ਅਤੇ ਬਿਜਲੀ) ਸਟੈਂਡਰਡ ਨਾਰਮਜ (Latest Specifications), ਸੀਵਰੇਜ ਸੋਲਿਡ ਵੇਸਟ ਮੈਨੇਜਮੈਂਟ ਰੂਲਜ-2016 (With Latest Amendments) ਅਨੁਸਾਰ ਸੋਲਿਡ ਵੇਸਟ ਮੈਨੇਜਮੈਂਟ ਆਪਣੇ ਪੱਧਰ ਤੇ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਸੋਲਰ ਵਾਟਰ ਹੀਟਿੰਗ ਅਤੇ ਰੇਨ ਵਾਟਰ ਹਾਰਵੇਸਟਿੰਗ ਸਿਸਟਮ ਦੇ ਸਟੈਂਡਰਡ ਨਾਰਮਜ ਅਨੁਸਾਰ ਉਪਬੰਧ ਕਰਨ ਦੀ ਜਿੰਮੇਵਾਰੀ ਆਪ ਦੀ ਆਪਣੀ ਹੋਵੇਗੀ।

26 ਆਪ **Environment clearance** ਦੀ ਮਿੱਥਿਆਵਾਂ ਨੂੰ ਮੰਨ੍ਹਣ ਦੇ ਪਾਬੰਦ ਹੋਵੋਗੇ। ਇਸ ਤੋਂ ਇਲਾਵਾ **PPCB/CPCB** ਅਤੇ ਹੋਰ **Statutory Authorities** ਤੋਂ ਲੋੜੀਂਦੀ ਪ੍ਰਵਾਨਗੀ ਪ੍ਰਾਪਤ ਕਰਨ ਦੇ ਪਾਬੰਦ ਹੋਵੋਗੇ।

27 ਰੇਨ ਹਾਰਵੈਸਟਿੰਗ/ਰੀ-ਚਾਰਜਵੈੱਲ ਦੀ ਸਮੇਂ ਸਮੇਂ ਸਿਰ ਸਫਾਈ ਕਰਵਾਉਣੀ ਯਕੀਨੀ ਬਣਾਈ ਜਾਵੇ ਅਤੇ ਸਾਰੇ ਰੀ-ਚਾਰਜ ਵੈੱਲਾਂ ਨੂੰ ਚਾਲੂ ਹਾਲਤ ਵਿਚ ਰੱਖਿਆ ਜਾਵੇ।

28 ਗਮਾਡਾ ਤੋਂ ਇਲਾਵਾ ਹੋਰ **Statutory Authorities** ਤੋਂ ਲੋੜੀਂਦੀ ਪ੍ਰਵਾਨਗੀ ਆਪਣੇ ਪੱਧਰ ਤੇ ਪ੍ਰਾਪਤ ਕੀਤੀ ਜਾਵੇ ਅਤੇ ਆਪ ਉਨ੍ਹਾਂ ਵਲੋਂ ਸਮੇਂ ਸਮੇਂ ਸਿਰ ਜਾਰੀ ਕੀਤੀਆਂ ਗਈਆਂ ਸ਼ਰਤਾਂ ਨੂੰ ਮੰਨਣ ਲਈ ਵੀ ਪਾਬੰਦ ਹੋਵੋਗੇ ।

29 ਬਿਲਡਿੰਗ ਰੂਲ-2021 ਅਨੁਸਾਰ ਜੇਕਰ ਉਸਾਰੀ ਦੌਰਾਨ ਮਾਲਕ/ਆਰਕੀਟੈਕਟ/ਸਿਵਲ ਇੰਜੀਨੀਅਰ/ਸਟਰੱਕਚਰ ਇੰਜੀਨੀਅਰ ਬਦਲ ਜਾਂਦੇ ਹਨ ਤਾਂ ਇਸ ਸਬੰਧੀ ਪ੍ਰਾਰਥੀ ਰੂਲਾਂ ਅਨੁਸਾਰ ਇਸ ਵਿਭਾਗ ਨੂੰ ਸੂਚਿਤ ਕਰਨ ਦਾ ਪਾਬੰਦ ਹੋਵੇਗਾ ਅਤੇ ਜਿਨ੍ਹੀਂ ਦੇਰ ਤੱਕ ਮਾਲਕ/ਆਰਕੀਟੈਕਟ/ਸਿਵਲ ਇੰਜੀਨੀਅਰ/ਸਟਰੱਕਚਰ ਇੰਜੀਨੀਅਰ ਨਿਯੁਕਤ ਨਹੀਂ ਹੋ ਜਾਂਦੇ ਉਨ੍ਹੀਂ ਦੇਰ ਉਸਾਰੀ ਦੇ ਕੰਮ ਨਹੀਂ ਕੀਤੇ ਜਾਣਗੇ ਅਤੇ ਨਵੇਂ ਆਰਕੀਟੈਕਟ/ ਸਿਵਲ ਇੰਜੀਨੀਅਰ/ਸਟਰੱਕਚਰ ਇੰਜੀਨੀਅਰ ਦੀ ਨਿਯੁਕਤੀ ਉਪਰੰਤ ਮੁਕੰਮਲ ਕੰਮ ਦੀ ਜਿੰਮੇਵਾਰੀ ਸਬੰਧੀ ਦਸਤਾਵੇਜ ਆਪ 7 ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰਨ ਦੇ ਪਾਬੰਦ ਹੋਵੋਗੇ।

30 ਬਿਜਲੀ ਸਬੰਧੀ ਕਾਰਜ Punjab State Power Corporation Limited ਦੀ ਪ੍ਰਵਾਨਗੀ ਉਪਰੰਤ ਕੀਤੇ ਜਾਣਗੇ ਅਤੇ ਮੁੱਖ ਨਗਰ ਯੋਜਨਾਕਾਰ, ਪੰਜਾਬ ਜੀ ਦੇ ਯਾਦ ਪੱਤਰ ਨੰ. 1481-1521ਸੀਟੀਪੀ(ਪਬ)/ਐਸਪੀ-483 ਮਿਤੀ **10.05.2023** ਰਾਹੀਂ ਜਾਰੀ Energy Conservation Building Code ECBC ਅਤੇ ਈਕੋ ਨਿਵਾਸ ਸਮਹਿਤਾ) ਦੀ ਪਾਲਣਾ ਕਰਨ ਦਾ ਪਾਬੰਦ ਹੋਵੇਗਾ। ਆਪ ਵਲੋਂ ਬਿਲਡਿੰਗ ਵਿੱਚ ਜਨ ਸਹੂਲਤਾਂ (Public Health and Electricity), Sewerage, Solid Waste Disposal, Solar Water Heating and Rain Water Harvesting System) ਦੀ ਸਟੈਂਡਰਡ ਨਾਰਮਜ ਅਨੁਸਾਰ ਉਪਬੰਧ ਕਰਨਾ ਯਕੀਨੀ ਬਣਾਇਆ ਜਾਵੇਗਾ।

31 Solid Waste Management Rules-2016 (with latest amendments) ਅਨੁਸਾਰ Solid Waste ਦਾ ਪ੍ਰਬੰਧ ਆਪਣੇ ਪੱਧਰ ਤੇ ਕੀਤਾ ਜਾਵੇ ਅਤੇ RMC ਅਤੇ proper segregation ਲਈ ਨਿਸ਼ਚਿਤ ਥਾਂ ਰੱਖੀ ਜਾਵੇ।

32 ਪਬਲਿਕ ਹੈਲਥ ਸਰਵਿਸਿਜ ਸਬੰਧੀ ਜਿੰਮੇਵਾਰੀ ਆਪ ਦੀ ਹੋਵੇਗੀ।

33 ਆਪ ਸਟੋਰ ਕੀਤੇ ਗਏ ਪੀਣ ਵਾਲੇ ਪਾਣੀ ਦੀ ਸਪਲਾਈ (**UGSR**) ਦੀ **disinfection** ਕਰਨ ਦੇ ਪਾਬੰਦ ਹੋਵੋਗੇ।

34 ਆਪ ਰੀਚਾਰਜਵੈੱਲਾਂ, ਓਵਰਹੈੱਡ ਅਤੇ ਅੰਡਰ-ਗਰਾਊਂਡ ਟੈਂਕਾਂ ਦੀ ਸਮੇਂ-ਸਮੇਂ ਸਿਰ ਸਫਾਈ ਕਰਨ ਦਾ ਪਾਬੰਦ ਹੋਵੋਗੇ।

35 ਆਪ ਵੱਲੋਂ ਜੇਕਰ ਗਮਾਡਾ ਦੀ ਪਬਲਿਕ ਹੈਲਥ ਸਰਵਿਸ ਨੂੰ ਨੁਕਸਾਨ ਪਹੁੰਚਾਇਆ ਜਾਂਦਾ ਹੈ ਤਾਂ ਉਸਦੀ ਭਰਪਾਈ ਕਰਨ ਦਾ ਪਾਬੰਦ ਹੋਵੇਗੇ।

36 ਆਪ ਪਾਣੀ ਦੇ ਕੁਨੇਕਸ਼ਨ ਸਬੰਧੀ ਗਮਾਡਾ ਦੇ ਬਣਦੇ ਚਾਰਜਿਸ ਜਮ੍ਹਾ ਕਰਵਾਉਣ ਦੇ ਪਾਬੰਦ ਹੋਵੋਗੇ।

37 ਆਪ ਸਾਈਟ ਲਈ ਵਾਟਰ ਸਪਲਾਈ, ਸੀਵਰੇਜ, ਸੀਵਰੇਜ ਟ੍ਰੀਟਮੈਂਟ ਪਲਾਂਟ, ਸਟਾਰਮ ਵਾਟਰ ਡ੍ਰੇਨੇਜ, ਟ੍ਰੀਟਡ ਵਾਟਰ ਸਪਲਾਈ ਦਾ ਪ੍ਰਬੰਧ ਆਪਣੇ ਪੱਧਰ ਤੇ ਕਰਨ ਦਾ ਪਾਬੰਦ ਹੋਵੇਗੇ।

38 ਆਪ NBC-2016 ਦੇ ਉਪਬੰਧਾਂ ਅਨੁਸਾਰ ਸਾਈਟ/ਬਿਲਡਿੰਗ ਵਿਚ Equipment/Services ਲਈ ਮੁਕੰਮਲ ਉਪਬੰਧ ਕਰਨ ਲਈ ਪਾਬੰਦ ਹੋਵੋਗੇ।

39 ਆਪ ਇਸ ਦਫਤਰ ਵਲੋਂ ਜਾਰੀ ਅਲਾਟਮੈਂਟ ਪੱਤਰ ਵਿਚ ਲਗਾਈਆਂ ਗਈਆਂ ਸ਼ਰਤਾਂ ਦੀ ਪ੍ਰਤੀਪੂਰਤੀ ਕਰਨ ਦੇ ਪਾਬੰਦ ਹੋਵੋਗੇ।

40 ਆਪ ਸਰਕਾਰ ਵਲੋਂ ਸਮੇਂ ਸਮੇਂ ਸਿਰ ਜਾਰੀ ਕੀਤੀ ਜਾਂਦੀਆਂ ਹਦਾਇਤਾਂ ਅਤੇ ਸਪੈਸੀਫਿਕੇਸ਼ਨਾਂ ਦੀ ਪੂਰੀ ਪਾਲਣਾ ਕਰਨ ਦੇ ਪਾਬੰਦ ਹੋਵੋਗੇ।

41 ਜੇਕਰ ਮੌਕੇ ਤੇ ਬਿਲਡਿੰਗ ਦੀ ਉਸਾਰੀ ਕਰਦੇ ਹੋਏ ਬਿਲਡਿੰਗ ਦੀ ਉਸਾਰੀ ਦੀ ਕੀਮਤ ਪ੍ਰਤੀ ਵਰਗ ਫੁਟ ਰੁਪਏ 1100/- ਤੋਂ ਵੱਧ ਆਉਂਦੀ ਹੈ ਤਾਂ ਇਸ ਸੰਬੰਧੀ ਬਣਦਾ ਵਾਧੂ ਲੇਬਰ ਸੈੱਸ ਆਪ ਸੰਬੰਧਤ ਵਿਭਾਗ ਵਿਖੇ ਆਪਣੇ ਪੱਧਰ ਤੇ ਜਮਾ ਕਰਵਾਉਣ ਦੇ ਪਾਬੰਦ ਹੋਵੇਗੇ।

42 ਬਿਲਡਿੰਗ ਦੀ ਹਾਈਟ ਜੇਕਰ 15 ਮੀਟਰ ਤੋਂ ਵੱਧ ਉਸਾਰੀ ਕੀਤੀ ਜਾਂਦੀ ਹੈ ਤਾਂ ਆਪ Indian Air Force (IAF), ਵਲੋਂ ਪ੍ਰਮੋਟਰ ਨੂੰ ਜਾਰੀ ਪੱਤਰ ਨੰ. Air Hq/S 17726/01/OPS ATS (PC-MMMDCXIII) dated 24.02.2025 ਰਾਹੀਂ ਜਾਰੀ ਪੱਤਰ ਦੀ ਪਾਲਣਾ ਕਰਨ ਦੇ ਪਾਬੰਦ ਹੋਵੋਗੇ।

43 ਆਪ **Fire Fighting System** ਲਈ ਫਾਈਰ ਵਿਭਾਗ ਵਲੋਂ ਜਾਰੀ ਐਨ.ਓ.ਸੀ ਨੰ. **2004-106591-Fire/81313 Dated 20.01.2025** ਦੀ ਇੰਨ-ਬਿੰਨ ਪਾਲਣਾਂ ਕਰਨ ਦੇ ਪਾਬੰਦ ਹੋਵੋਗੇ।

44 ਆਪ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੇ ਕਿਸੇ ਵੀ ਅਦਾਰੇ/ਵਿਭਾਗ ਦੇ ਰੂਲਾਂ ਅਤੇ ਸਮੇਂ ਸਮੇਂ ਸਿਰ ਕੀਤੀ ਗਈਆਂ ਹਦਾਇਤਾਂ ਨੂੰ ਮੰਨਣ ਦੇ ਪਾਬੰਦ ਹੋਵੇਗੇ।

45 ਆਪ NBC-2016 ਦੇ ਉਪਬੰਧਾਂ ਅਨੁਸਾਰ ਸਾਈਟ/ਬਿਲਡਿੰਗ ਵਿਚ Equipment/Services ਲਈ ਮੁਕੰਮਲ ਉਪਬੰਧ ਕਰਨ ਲਈ ਪਾਬੰਦ ਹੋਵੋਗੇ।

46 ਬਿਜਲੀ ਸਬੰਧੀ ਕਾਰਜ PSPCL ਦੀ ਪ੍ਰਵਾਨਗੀ ਉਪਰੰਤ ਕੀਤੇ ਜਾਣਗੇ।

47 ਆਪ ਪ੍ਰੋਜੈਕਟ ਨੂੰ Real Estate Regulatory Authority (RERA) ਐਕਟ ਅਧੀਨ ਰਜਿਸਟਰਡ ਕਰਵਾਉਣ ਅਤੇ ਇਸ ਦੀਆਂ ਮਿੱਥਿਆਵਾਂ ਨੂੰ ਮੰਨਣ ਦੇ ਪਾਬੰਦ ਹੋਵੋਗੇ।

**ਨੱਥੀ- ਪ੍ਰਵਾਨਿਤ ਡਰਾਇੰਗਾਂ ਦਾ ਸੈੱਟ।**

Although due care has been taken while approving the Building Plans as per technical norms but this approval, is not providing any right to applicant to violate the rules/guidelines of this department or any other department and also not providing any right for any illegal construction or any other activity. In case any violation found at any stage, owner shall be liable to get the building plan revised accordingly/immediately.

# ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ

ਸੈਕਟਰ 62, ਐਸ.ਏ.ਐਸ ਨਗਰ
( www.gmada.gov.in )

GMADA

This approval is subject to decision of any court case prevailing in any Hon'ble court of Law, if any.

**ਮਿਲਖ ਅਫਸਰ (ਹ)**
**ਗਮਾਡਾ, ਐਸ.ਏ.ਐਸ.ਨਗਰ।**

ਪਿੱਠ ਅੰਕਣ ਨੰ.:- ਗਮਾਡਾ/ਮਿ.ਅ.(ਹ)/2025/ ਮਿਤੀ-

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਹਾਇਕ ਕਿਰਤ ਕਮਿਸ਼ਨਰ, ਡੀ.ਏ.ਸੀ ਕੰਪਲੈਕਸ, ਸੈਕਟਰ-76, ਐਸ.ਏ.ਐਸ.ਨਗਰ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਆਪ ਦੇ ਦਫਤਰ ਦੇ ਪੱਤਰ ਨੰ. 306 ਮਿਤੀ 22.01.2025 ਦੇ ਸਬੰਧ ਵਿੱਚ **Commercial Site No - 1 & 2, Phase-9, Industrial Area, SAS Nagar** ਦੇ 628568.34 ਵਰਗ ਫੁੱਟ ਕਵਰਡ ਏਰੀਏ ਦਾ ਲੇਬਰ ਸੈੱਸ ਦੀ ਬਣਦੀ ਰਕਮ 69,14,252/-.ਰੁਪਏ ਬਣਦੀ ਹੈ। ਜਿਸ ਸਬੰਧੀ ਆਪ ਦੇ ਦਫਤਰ ਵਿਖੇ ਡੀ.ਡੀ ਨੰ. 000898 ਮਿਤੀ 15.01.2025 ਰਕਮ 5,00,000/-ਰੁਪਏ ਜਮ੍ਹਾ ਕਰਵਾਏ ਗਏ ਹਨ ਅਤੇ 1% ਰਕਮ ਸਲਾਨਾ ਕਿਸ਼ਤਾਂ ਵਿੱਚ ਦੇਣ ਸਬੰਧੀ ਅਲਾਟੀ ਵਲੋਂ ਫਾਰਮ-1 ਤੇ ਹਲਫੀਆ ਬਿਆਨ ਵੀ ਜਮ੍ਹਾ ਕਰਵਾ ਦਿੱਤਾ ਗਿਆ ਹੈ। ਸਾਈਟ ਦਾ ਏਰੀਆ 2.50 ਏਕੜ ਹੈ।
2. ਸੀਨੀਅਰ ਲੇਖਾ ਅਫਸਰ (ਰਿਕਵਰੀ), ਦਫ: ਮਿਲਖ ਅਫਸਰ, ਗਮਾਡਾ, ਐਸ.ਏ.ਐਸ.ਨਗਰ ਜੀ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਅਲਾਟੀ ਵਲੋਂ ਸਕਰੂਟਨੀ ਫੀਸ ਵਜੋਂ 27,17,597/-ਰੁਪਏ, ਜੀ.ਐਸ.ਟੀ ਵਜੋਂ 4,89,167/-ਰੁਪਏ ਬਣਦੇ ਹਨ, ਜਿਸ ਸਬੰਧੀ ਅਲਾਟੀ ਵਲੋਂ ਰਸੀਦ ਨੰ. 175528 ਮਿਤੀ 03-03-2025 ਰਾਹੀਂ ਸਕਰੂਟਨੀ ਫੀਸ ਵਜੋਂ 27,17,597/-ਰੁਪਏ, ਜੀ.ਐਸ.ਟੀ ਵਜੋਂ 4,89,167/-ਰੁਪਏ ਗਮਾਡਾ ਵਿਖੇ ਜਮ੍ਹਾ ਕਰਵਾਏ ਗਏ ਹਨ। ਉਸ ਵਿਚੋਂ ਅੱਧੀ ਫੀਸ ਸੀਨੀਅਰ ਨਗਰ ਯੋਜਨਾਕਾਰ, ਐਸ.ਏ.ਐਸ.ਨਗਰ ਜੀ ਨੂੰ ਟਰਾਂਸਫਰ ਕੀਤੀ ਜਾਵੇ ਜੀ।
3. Estate Officer, Punjab Small Industries And Export Corporation, Regd. Office. Udyog Bhawan-18, Himalaya Marg, 17B, Sector 17, Chandigarh-160017 ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**ਮਿਲਖ ਅਫਸਰ (ਹ)**
**ਗਮਾਡਾ, ਐਸ.ਏ.ਐਸ.ਨਗਰ।**

PBX 2702301-05

# PUNJAB SMALL INDUSTRIES & EXPORT CORPORATION LIMITED

( A State Government Undertaking )

'UDYOG BHAWAN',18-HIMALAYA MARG, SECTOR 17-A, CHANDIGARH

**No. PSIEC/Estate/** 19993 **Dated:-** 30/1/2025

ਮੈਸ. CEE DEE Developers Private Limited,
ਐਸ.ਸੀ.ਓ. 159-160, ਪਹਿਲਾ ਮੰਜ਼ਿਲ, ਟੀ.ਡੀ.ਆਈ.,
ਸੈਕਟਰ-117, ਮੋਹਾਲੀ – 160059।

**ਵਿਸ਼ਾ:-** **N.O.C. for approval of building plans of the Commercial Site No.1 & 2, Focal Point, Mohali ।**

ਹਵਾਲਾ:- ਆਪ ਜੀ ਦੇ ਬੇਨਤੀ ਪੱਤਰ ਮਿਤੀ 16.01.2025 ਦੇ ਸਬੰਧ ਵਿੱਚ।

ਉਪਰੋਕਤ ਵਿਸ਼ਾ ਅੰਕਿਤ ਦੇ ਸਬੰਧ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਆਪ ਦੇ ਕਮਰਸ਼ੀਅਲ ਸਾਇਟ ਨੰਬਰ 1 ਅਤੇ 2, ਫੋਕਲ ਪੁਆਇੰਟ, ਫੇਸ-9, ਮੋਹਾਲੀ ਦਾ ਨਕਸ਼ਾ ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ, ਐਸ.ਏ.ਐਸ. ਨਗਰ (ਮੋਹਾਲੀ) ਵੱਲੋਂ ਪਾਸ ਕੀਤਾ ਜਾਣਾ ਹੈ ਤਾਂ ਪੰਜਾਬ ਲਘੂ ਉਦਯੋਗ ਤੇ ਨਿਰਯਾਤ ਨਿਗਮ ਲਿਮ. ( PSIEC ) ਨੂੰ ਇਸ ਸਬੰਧੀ ਕੋਈ ਇਤਰਾਜ ਨਹੀਂ ਹੋਵੇਗਾ। ਇਹ ਸਾਇਟ PSIEC ਦੇ ਪੱਤਰ ਨੰਬਰ PSIEC/ESTATE/12122-127 ਮਿਤੀ 11.09.2024 ਰਾਂਹੀ ਉਦਯੋਗਿਕ ਫੋਕਲ ਪੁਆਇੰਟ, ਫੇਸ-9, ਐਸ.ਏ.ਐਸ. ਨਗਰ (ਮੋਹਾਲੀ) ਵੱਲੋਂ ਕਮਰਸ਼ੀਅਲ ਵਰਤੋਂ ਲਈ ਅਲਾਟ ਕੀਤਾ ਹੋਇਆ ਹੈ।

**ਸਹਾਇਕ ਮਿਲਖ਼ ਅਫਸਰ**

**Cc to :-**

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ:-

1. ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ, ਐਸ.ਏ.ਐਸ. ਨਗਰ (ਮੋਹਾਲੀ) ।
2. ਸਹਾਇਕ ਟਾਊਨ ਪਲੈਨਰ, ਪੀ.ਐਸ.ਆਈ.ਈ.ਸੀ., ਚੰਡੀਗੜ੍ਹ।